16

# ਕਲੀਸੀਆ ਵਿਚ ਦਾਖ਼ਲ ਹੋਣਾ

ਕੁਝ ਚੀਜ਼ਾਂ ਮਹਿੰਗੀਆਂ ਹੁੰਦੀਆਂ ਹਨ ਪਰ ਕੀਮਤੀ ਨਹੀਂ-ਜਿਵੇਂ ਵਧੀਆ ਕੱਪੜੇ; ਕੁਝ ਚੀਜ਼ਾਂ ਸਸਤੀਆਂ ਹੁੰਦੀਆਂ ਹਨ ਪਰ ਬਹੁਮੁੱਲੀਆਂ ਹੁੰਦੀਆਂ ਹਨ-ਜਿਵੇਂ ਧੁੱਪ ਜਾਂ ਬਾਰਿਸ਼; ਕੁਝ ਚੀਜ਼ਾਂ ਬਹੁਤ ਮਹਿੰਗੀਆਂ ਵੀ ਹੁੰਦੀਆਂ ਹਨ ਅਤੇ ਬਹੁਤ ਮੁੱਲੀਆਂ ਵੀ-ਮਸੀਹ ਦੀ ਕਲੀਸੀਆ ਇਸੇ ਵਰਗ ਵਿਚ ਆਉਂਦੀ ਹੈ।

ਕਲੀਸੀਆ ਦੇ ਬੇਸ਼ਕੀਮਤੀ ਮੁੱਲ ਬਾਰੇ ਨਵਾਂ ਨੇਮ ਕੋਈ ਸ਼ੱਕ ਨਹੀਂ ਰਹਿਣ ਦਿੰਦਾ। ਇਸ ਦਾ ਮੁੱਲ ਘੱਟੋ-ਘੱਟ ਤਿੰਨ ਤਰ੍ਹਾਂ ਨਾਲ ਦਰਸਾਇਆ ਗਿਆ ਹੈ: ਪਹਿਲਾਂ, ਅਸੀਂ ਇਸ ਦਾ ਮੁੱਲ *ਰੱਬੀ ਸਰੋਤ* ਵਿਚ ਵੇਖਦੇ ਹਾਂ। ਸਵਰਗ ਦੀ ਅਨਾਦੀ ਸਭਾ ਵਿਚ ਇਸ ਦੀ ਯੋਜਨਾ ਬਣੀ ਅਤੇ ਉਦੇਸ਼ ਤੈਅ ਹੋਇਆ (ਅਫ਼ਸੀਆਂ 3:10, 11) ਅਤੇ ਧਰਤੀ ਉੱਤੇ ਯਿਸੂ ਦੀ ਸੇਵਕਾਈ ਨਾਲ ਇਸ ਨੂੰ ਤਿਆਰ ਕੀਤਾ ਗਿਆ (ਮੱਤੀ 4:17)। ਇਹ ਰੱਬੀ ਦੂਰਅੰਦੇਸ਼ੀ ਸੀ, ਨਾ ਕਿ ਭੁੱਲ। ਦੂਸਰਾ *ਇਹਦੇ ਬੇਸ਼ਕੀਮਤੀ ਮੁੱਲ* ਵਿਚ ਇਸ ਦਾ ਮਹੱਤਵ ਵਿਖਾਈ ਦਿੰਦਾ ਹੈ। ਪੌਲੁਸ ਰਾਹੀਂ ਸਾਨੂੰ ਦੱਸਿਆ ਗਿਆ ਹੈ ਕਿ ਇਸ ਨੂੰ ਮਸੀਹ ਦੇ ਲਹੂ ਨਾਲ ਖ਼ਰੀਦਿਆ ਗਿਆ ਸੀ (ਰਸੂਲਾਂ ਦੇ ਕੰਮ 20:28)। ਮਸੀਹ ਦੇ ਮਰਨ ਦਾ ਬੁਨਿਆਦੀ ਮਕਸਦ ਕਲੀਸੀਆ ਨੂੰ ਵਜੂਦ ਵਿਚ ਲਿਆਉਣਾ ਸੀ। ਜੇ ਖ਼ਰੀਦ ਮੁੱਲ ਤੋਂ ਕੀਮਤ ਦਾ ਪਤਾ ਲਗਦਾ ਹੈ ਤਾਂ ਮਸੀਹ ਦੇ ਲਹੂ ਵੱਟੇ ਖ਼ਰੀਦੀ ਹੋਣ ਕਾਰਣ, ਕਲੀਸੀਆ ਯਕੀਨਨ ਹੀ ਧਰਤੀ ਤੇ ਸਭ ਤੋਂ ਕੀਮਤੀ ਸੰਗਠਨ ਹੈ। ਤੀਸਰਾ, ਇਹਦਾ ਮੁੱਲ ਇਹਦੀ ਕੀਮਤ ਨਾਲ ਵੇਖਿਆ ਜਾਂਦਾ ਹੈ। ਮਸੀਹ ਨੇ ਸਾਨੂੰ ਸਮਝਾਇਆ ਹੈ ਕਿ ਅਸੀਂ ਹੋਰ ਸਭ ਚੀਜ਼ਾਂ ਨਾਲੋਂ ਵਧ ਕੇ ਸਵਰਗ ਦੇ ਰਾਜ ਦੀ ਖੋਜ ਕਰੀਏ। ਉਹਨੇ ਕਿਹਾ, ''ਫਿਰ ਸਵਰਗ ਦਾ ਰਾਜ ਇਕ ਵਪਾਰੀ ਵਰਗਾ ਹੈ ਜਿਹੜਾ ਚੰਗੇ ਮੋਤੀਆਂ ਨੂੰ ਲੱਭਦਾ ਫਿਰਦਾ ਸੀ। ਜਦ ਉਹ ਨੂੰ ਇਕ ਮੋਤੀ ਭਾਰੇ ਮੁੱਲ ਦਾ ਮਿਲਿਆ ਤਾਂ ਉਹ ਗਿਆ ਅਤੇ ਆਪਣਾ ਸਭ ਕੁਝ ਵੇਚ ਕੇ ਉਹ ਨੂੰ ਮੁੱਲ ਲਿਆ'' (ਮੱਤੀ 13:45, 46)। ਉਹਨੇ ਕਲੀਸੀਆ ਨੂੰ ਕੀਮਤੀ ਮੋਤੀ, ਸਗੋਂ ਸਭ ਮੋਤੀਆਂ ਨਾਲੋਂ ਕੀਮਤੀ ਕਿਹਾ!

ਕਲੀਸੀਆ ਦੀ ਇਸ ਬੇਹੱਦ ਅਹਿਮੀਅਤ ਤੋਂ ਪਤਾ ਲਗਦਾ ਹੈ ਕਿ ਨਵੇਂ ਨੇਮ ਦੀ ਕਲੀਸੀਆ ਨੂੰ ਨਜ਼ਰਅੰਦਾਜ਼ ਕਰਨਾ ਕਿੰਨੀ ਵੱਡੀ ਭੁੱਲ ਹੋਵੇਗੀ। ਜੇ ਕੋਈ ਕਰੋੜਪਤੀ ਹੈ ਪਰ ਕਲੀਸੀਆ ਨੂੰ ਨਹੀਂ ਭਾਲਦਾ ਅਤੇ ਉਸ ਵਿਚ ਦਾਖ਼ਲ ਨਹੀਂ ਹੁੰਦਾ ਤਾਂ ਉਹ ਇਕ ਯਤੀਮ ਵਰਗਾ ਹੈ। ਕਲੀਸੀਆ ਦੇ ਬਾਹਰ ਰਹਿਣ ਵਾਲਾ ਸਭ ਤੋਂ ਵੱਡਾ ਆਦਮੀ ਸਭ ਤੋਂ ਛੋਟਾ ਬਣ ਜਾਂਦਾ ਹੈ।

ਕਲੀਸੀਆ ਦੀ ਅਹਿਮੀਅਤ ਦੀ ਸਾਫ਼ ਰੋਸ਼ਨੀ ਵਿਚ ਸਮਝ ਇਹ ਹੁਕਮ ਦਿੰਦੀ ਹੈ ਕਿ

ਅਸੀਂ ਸੰਜੀਦਗੀ ਨਾਲ ਪੁੱਛੀਏ, ''ਕਲੀਸੀਆ ਵਿਚ ਦਾਖ਼ਲ ਕਿਵੇਂ ਹੋ ਸਕਦੇ ਹਾਂ?'' ਸ਼ਾਇਦ ਇਸ ਨਾਲੋਂ ਵੱਡਾ ਸਵਾਲ ਹੋ ਵੀ ਨਹੀਂ ਸਕਦਾ। ਆਓ ਇਸ ਸਵਾਲ ਦਾ ਜਵਾਬ ਨਵੇਂ ਨੇਮ ਵਿੱਚੋਂ ਲੱਭਣ ਲਈ ਆਪਣੇ ਆਪ ਨੂੰ ਦੇ ਦੇਈਏ।

## ਜਵਾਬ ਦਾ ਐਲਾਨ

ਮਸੀਹ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਧਰਤੀ ਤੇ ਉਹਦੀ ਸੇਵਕਾਈ ਦੇ ਬਾਅਦ ਉਹਦੇ ਸਵਰਗ ਵਿਚ ਵਾਪਸ ਜਾਣ ਤੋਂ ਮਗਰੋਂ ਉਹਦੇ ਚੇਲਿਆਂ ਨੂੰ ਕੀ ਕਰਨਾ ਪਵੇਗਾ। ਉਹਦੇ ਹੁਕਮ ਦੇ ਤਿੰਨ, ਪਰ ਪੂਰੇ ਵੇਰਵੇ ਨਵੇਂ ਨੇਮ ਵਿਚ ਦਿੱਤੇ ਗਏ ਹਨ (ਮੱਤੀ 28:18-20; ਮਰਕੁਸ 16:15, 16; ਲੂਕਾ 24:46, 47)। ਇਨ੍ਹਾਂ ਵੇਰਵਿਆਂ ਦੇ ਮਹੱਤਵ ਦਾ ਲੋੜ ਤੋਂ ਵੱਧ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਉਨ੍ਹਾਂ ਵਿਚ ਪੂਰੇ ਮਸੀਹੀ ਯੁੱਗ ਲਈ ਮਸੀਹ ਦੇ ਚੇਲਿਆਂ ਵਾਸਤੇ ਅਗਵਾਈ ਹੈ।

ਮਸੀਹ ਨੇ ਪਹਿਲਾਂ ਤਾਂ ਇਹ ਕਹਿੰਦਿਆਂ ਕਿ ''ਤੁਸੀਂ ਸਾਰੇ ਸੰਸਾਰ ਵਿਚ ਜਾ ਕੇ ਸਰਬੱਤ ਸਰਿਸ਼ਟ ਦੇ ਸਾਹਮਣੇ ਖੁਸ਼ਖ਼ਬਰੀ ਦਾ ਪ੍ਰਚਾਰ ਕਰੋ'' (ਮਰਕੁਸ 16:15) ਆਪਣੇ ਚੇਲਿਆਂ ਨੂੰ ਵਿਸ਼ਵ ਵਿਆਪੀ ਕੰਮ ਸੌਂਪਿਆ। ਦੂਜਾ, ਉਸ ਨੇ ਉਹ ਸ਼ਰਤਾਂ ਦੱਸੀਆਂ ਜਿਨ੍ਹਾਂ ਦੇ ਅਧਾਰ ਤੇ ਖੁਸ਼ਖ਼ਬਰੀ ਦਾ ਪ੍ਰਚਾਰ ਕਰਦਿਆਂ ਬਚਾਏ ਜਾਣ ਬਾਰੇ ਦੱਸਿਆ ਜਾਂਦਾ ਹੈ। ਉਹਨੇ ਆਪਣੇ ਚੇਲਿਆਂ ਨੂੰ ਦੱਸਿਆ ਕਿ ਕੀ ਕਰਨਾ ਹੈ-''ਜਾਓ'' ਅਤੇ ਉਹਨੇ ਉਨ੍ਹਾਂ ਨੂੰ ਇਹ ਵੀ ਦੱਸਿਆ ਕਿ ਕੀ ਕਹਿਣਾ ਹੈ-''ਖੁਸ਼ਖ਼ਬਰੀ ਦਾ ਪ੍ਰਚਾਰ ਕਰੋ।'' ''ਜਾਓ'' ਅਤੇ ''ਖੁਸ਼ਖ਼ਬਰੀ'' ਸ਼ਬਦਾਂ ਨਾਲ ਉਹਨੇ ਉਨ੍ਹਾਂ ਦੇ ਆਉਣ ਵਾਲੇ ਕੰਮ ਨੂੰ ਸੰਖੇਪ ਵਿਚ ਦੱਸ ਦਿੱਤਾ।

ਮਰਕੁਸ ਦੇ ਮੁਤਾਬਕ, ਇਕ ਸਮੇਂ ਮਸੀਹ ਨੇ ਹੁਕਮ ਦਿੱਤਾ ਅਤੇ ਵਿਸ਼ਵਾਸ ਕਰਨ ਦੀ ਸ਼ਰਤ ਤੇ ਜ਼ੋਰ ਦਿੱਤਾ। ਉਹਨੇ ਕਿਹਾ, ''ਤੁਸੀਂ ਸਾਰੇ ਸੰਸਾਰ ਵਿਚ ਜਾ ਕੇ ਸਰਬੱਤ ਸਰਿਸ਼ਟ ਦੇ ਸਾਹਮਣੇ ਖੁਸ਼ਖ਼ਬਰੀ ਦਾ ਪ੍ਰਚਾਰ ਕਰੋ। ਜਿਹੜਾ ਨਿਹਚਾ ਕਰੇ ਅਤੇ ਬਪਤਿਸਮਾ ਲਵੇ ਉਹ ਬਚਾਇਆ ਜਾਵੇਗਾ ਪਰ ਜਿਹੜਾ ਪਰਤੀਤ ਨਾ ਕਰੇ ਉਸ ਉੱਤੇ ਸਜ਼ਾ ਦਾ ਹੁਕਮ ਕੀਤਾ ਜਾਵੇਗਾ'' (ਮਰਕੁਸ 16:15, 16)। ਗ੍ਰੇਟ ਕਮਿਸ਼ਨ ਦੀਆਂ ਇਨ੍ਹਾਂ ਆਇਤਾਂ ਵਿਚ ਬਪਤਿਸਮੇ ਦਾ ਸਾਫ਼ ਜ਼ਿਕਰ ਹੈ, ਪਰ ਲਗਦਾ ਹੈ ਕਿ ਜ਼ੋਰ ਵਿਸ਼ਵਾਸ ਤੇ ਦਿੱਤਾ ਗਿਆ ਹੈ।

ਲੂਕਾ ਮੁਤਾਬਕ ਮਸੀਹ ਨੇ ਇਕ ਹੋਰ ਸਮੇਂ ਹੁਕਮ ਦਿੱਤਾ ਅਤੇ ਤੌਬਾ ਕਰਨ ਤੇ ਜ਼ੋਰ ਦਿੱਤਾ। ਉਹਨੇ ਕਿਹਾ, ''ਇਉਂ ਲਿਖਿਆ ਹੈ ਜੋ ਮਸੀਹ ਦੁੱਖ ਝੱਲੇਗਾ ਅਰ ਤੀਏ ਦਿਨ ਮੁਰਦਿਆਂ ਵਿੱਚੋਂ ਫੇਰ ਜੀ ਉੱਠੇਗਾ। ਅਤੇ ਯਰੂਸ਼ਲਮ[1] ਤੋਂ ਲੈ ਕੇ ਸਾਰੀਆਂ ਕੌਮਾਂ ਵਿੱਚ ਉਹ ਦੇ ਨਾਮ ਉੱਤੇ ਤੌਬਾ ਅਰ ਪਾਪਾਂ ਦੀ ਮਾਫ਼ੀ ਦਾ ਪ੍ਰਚਾਰ ਕੀਤਾ ਜਾਵੇਗਾ'' (ਲੂਕਾ 24:46, 47)। ਤੌਬਾ, ਜੋ ਕਿ ਪਾਪ ਤੋਂ ਪ੍ਰਮੇਸ਼ਵਰ ਵੱਲ ਮੁੜਨਾ ਹੈ, ਮਸੀਹੀ ਯੁੱਗ ਦੇ ਖੁਸ਼ਖ਼ਬਰੀ ਦੇ ਪ੍ਰਚਾਰ ਵਿਚ ਮੁੱਖ ਗੱਲ ਹੋਣੀ ਸੀ।

ਮੱਤੀ ਨੇ ਮਸੀਹ ਨੂੰ ਗਲੀਲ ਦੇ ਪਹਾੜ 'ਤੇ ਹੁਕਮ ਦਿੰਦਿਆਂ ਵਿਖਾਇਆ ਹੈ, ਜਿਸ ਵਿਚ ਉਹਨੇ ਬਪਤਿਸਮੇ ਤੇ ਜ਼ੋਰ ਦਿੱਤਾ। ਉਸ ਨੇ ਕਿਹਾ, ''ਅਕਾਸ਼ ਅਤੇ ਧਰਤੀ ਦਾ ਸਾਰਾ ਇਖ਼ਤਿਆਰ ਮੈਨੂੰ ਦਿੱਤਾ ਗਿਆ ਹੈ। ਇਸ ਲਈ ਤੁਸੀਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿਚ ਬਪਤਿਸਮਾ ਦਿਓ। ਅਰ ਉਨ੍ਹਾਂ ਨੂੰ ਸਿਖਾਓ ਭਈ ਉਨ੍ਹਾਂ ਸਾਰੀਆਂ ਗੱਲਾਂ ਦੀ ਪਾਲਣਾ ਕਰਨ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ ਅਤੇ ਵੇਖੋ ਮੈਂ ਯੁੱਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ'' (ਮੱਤੀ 28:18-20) ।

ਫਿਰ ਤਾਂ, ਸਪਸ਼ਟ ਹੈ ਕਿ ਵਿਸ਼ਵਾਸ, ਤੌਬਾ ਅਤੇ ਬਪਤਿਸਮਾ ਬਚਾਏ ਜਾਣ ਦੀਆਂ ਤਿੰਨ

ਸ਼ਰਤਾਂ ਹਨ, ਜਿਨ੍ਹਾਂ ਵਿੱਚੋਂ ਹਰੇਕ ਨੂੰ ਸਾਡੇ ਮੁਕਤੀ ਦਾਤੇ ਰਾਹੀਂ ਇਕ ਇਕ ਕਰਕੇ ਚੁਣਿਆ ਗਿਆ ਅਤੇ ਗ੍ਰੇਟ ਕਮਿਸ਼ਨ ਦੇ ਇਨ੍ਹਾਂ ਤਿੰਨਾਂ ਵਿਰਤਾਤਾਂ ਵਿਚ ਜ਼ੋਰ ਦਿੱਤਾ ਗਿਆ ਹੈ।

ਇਹ ਤਿੰਨੇ ਸ਼ਰਤਾਂ ਸਾਫ਼ ਹਨ ਅਤੇ ਅਸਾਨੀ ਨਾਲ ਸਮਝ ਆਉਣ ਵਾਲੀਆਂ ਹਨ। ਇਨ੍ਹਾਂ ਸ਼ਰਤਾਂ ਨੂੰ ਮੰਨਣ ਅਤੇ ਪ੍ਰਭੂ ਦੀ ਯੋਜਨਾ ਨੂੰ ਪਛਾਣੇ ਬਗੈਰ ਯਿਸੂ ਦੇ ਹੁਕਮ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾ ਸਕਦਾ। ਉਹ ਪ੍ਰਭੂ ਦੇ ਰਾਜ ਅਰਥਾਤ ਕਲੀਸੀਆ ਵਿਚ ਦਾਖਲੇ ਦੀਆਂ ਸ਼ਰਤਾਂ ਹਨ। ਪੂਰਾ ਮਸੀਹੀ ਯੁੱਗ ਇਨ੍ਹਾਂ ਰਾਹੀਂ ਹੀ ਸੰਚਾਲਿਤ ਹੋਣਾ ਹੈ।

## ਜਵਾਬ ਦਾ ਵਿਸਤਾਰ

ਬਚਾਏ ਜਾਣ ਦੀਆਂ ਸ਼ਰਤਾਂ ਸਾਫ਼ ਤੌਰ ਤੇ ਸਿਰਫ਼ ਨਵੇਂ ਨੇਮ ਵਿਚ ਹੀ ਨਹੀਂ ਦਿੱਤੀਆਂ ਗਈਆਂ ਸਗੋਂ ਉਨ੍ਹਾਂ ਨੂੰ ਰਸੂਲਾਂ ਦੇ ਕੰਮ ਵਿਚ ਉਦਾਹਰਣਾਂ ਰਾਹੀਂ ਸਮਝਾਇਆ ਵੀ ਗਿਆ ਹੈ।

ਉਦਾਹਰਣ ਲਈ, ਇਹ ਕਿਤਾਬ ਕਲੀਸੀਆ ਦੇ ਕਾਇਮ ਹੋਣ ਦੀ ਰੋਮਾਂਚਕਾਰੀ ਕਹਾਣੀ ਨਾਲ ਸ਼ੁਰੂ ਹੁੰਦੀ ਹੈ। ਰਸੂਲਾਂ ਦੇ ਕੰਮ 2 ਵਿਚ ਲੋਕਾਂ ਦੀ ਭੀੜ ਜਿਹਨੇ ਪਤਰਸ ਦੇ ਉਪਦੇਸ਼ ਤੇ ਵਿਸ਼ਵਾਸ ਕੀਤਾ ਸੀ, ਪੁਕਾਰ ਉੱਠੀ ਸੀ, ''ਅਸੀਂ ਕੀ ਕਰੀਏ?'' ਯਿਸੂ ਵਿਚ ਵਿਸ਼ਵਾਸ ਨੇ ਉਨ੍ਹਾਂ ਨੂੰ ਪੁਕਾਰਨ ਲਈ ਉਭਾਰਿਆ ਸੀ। ਪਤਰਸ ਨੇ ਉਨ੍ਹਾਂ ਨੂੰ ਤੌਬਾ ਕਰਕੇ ਬਪਤਿਸਮਾ ਲੈਣ ਦਾ ਹੁਕਮ ਦਿੱਤਾ ਸੀ (ਰਸੂਲਾਂ ਦੇ ਕੰਮ 2:38)। ਉਸ ਦਿਨ ਤਿੰਨ ਹਜ਼ਾਰ ਲੋਕਾਂ ਨੇ ਬਪਤਿਸਮਾ ਲਿਆ (ਰਸੂਲਾਂ ਦੇ ਕੰਮ 2:41)। ਇਸੇ ਲਈ ਰਸੂਲਾਂ ਦੇ ਕੰਮ 2:47 ਵਿਚ ਲਿਖਿਆ ਹੈ ਕਿ ''ਪ੍ਰਭੂ ਦਿਨੋ ਦਿਨ ਉਨ੍ਹਾਂ ਨੂੰ ਜਿਹੜੇ ਬਚਾਏ ਜਾਂਦੇ ਸਨ ਉਨ੍ਹਾਂ [ਅਰਥਾਤ ਕਲੀਸੀਆ] ਵਿਚ ਰਲਾਉਂਦਾ ਸੀ।'' ਜਿਸ ਮੰਡਲੀ ਜਾਂ ਸਮੂਹ ਵਿਚ ਉਹ ਰਲਾਏ ਜਾਂਦੇ ਸਨ ਉਸ ਨੂੰ ਅੱਗੇ ਚੱਲ ਕੇ ਕਲੀਸੀਆ ਕਿਹਾ ਗਿਆ (ਰਸੂਲਾਂ ਦੇ ਕੰਮ 5:11)। ਸਾਡੇ ਪ੍ਰਭੂ ਨੇ, ਆਪਣੇ ਆਖ਼ਰੀ ਹੁਕਮ ਵਿਚ, ਵਿਸ਼ਵਾਸ (ਪ੍ਰਤੀਤ), ਤੌਬਾ ਅਤੇ ਬਪਤਿਸਮਾ ਲੈਣ ਨੂੰ ਬਚਾਏ ਜਾਣ ਲਈ ਸਪਸ਼ਟ ਸ਼ਰਤਾਂ ਦੱਸੀਆਂ। ਜਿਹੜੇ ਲੋਕ ਪੈਂਟੀਕਾਸਟ ਵਾਲੇ ਦਿਨ ਕਲੀਸੀਆ ਵਿਚ ਦਾਖ਼ਲ ਹੋਏ ਸਨ, ਉਨ੍ਹਾਂ ਨੇ ਇਨ੍ਹਾਂ ਸ਼ਰਤਾਂ ਨੂੰ ਮੰਨਿਆ ਸੀ।

ਇਕ ਹੋਰ ਉਦਾਹਰਣ ਰਸੂਲਾਂ ਦੇ ਕੰਮ 8 ਅਧਿਆਇ ਵਿਚ ਮਿਲਦੀ ਹੈ। ਰਸੂਲਾਂ ਦੇ ਕੰਮ 8 ਅਧਿਆਇ ਦੇ ਆਖ਼ਰੀ ਹਿੱਸੇ ਵਿਚ ਫ਼ਿਲਿੱਪੁਸ ਨੂੰ ਇਕ ਫ਼ਰਿਸ਼ਤੇ ਰਾਹੀਂ ਦੱਸਿਆ ਗਿਆ ਕਿ ਉਹ ਹੋਰ ਪ੍ਰਚਾਰ ਲਈ ਦੱਖਣ ਵਾਲੇ ਪਾਸੇ ਜਾਵੇ (ਰਸੂਲਾਂ ਦੇ ਕੰਮ 8:26)। ਇਕ ਖ਼ਾਸ ਥਾਂ 'ਤੇ, ਫ਼ਿਲਿੱਪੁਸ ਨੇ ਉਸ ਰਾਹ ਕੂਸ਼ ਦੇਸ਼ ਦੇ ਇਕ ਖੋਜੇ ਨੂੰ ਰੱਥ ਤੇ ਜਾਂਦਿਆਂ ਵੇਖਿਆ (ਰਸੂਲਾਂ ਦੇ ਕੰਮ 8:27, 28)। ਉਹ ਖੋਜਾ ਇਕ ਧਾਰਮਿਕ ਬੰਦਾ ਸੀ, ਪਰ ਅਜੇ ਮਸੀਹੀ ਨਹੀਂ ਸੀ। ਪਵਿੱਤਰ ਆਤਮਾ ਨੇ ਫ਼ਿਲਿੱਪੁਸ ਨੂੰ ਨੇੜੇ ਜਾ ਕੇ ਉਹਦੇ ਨਾਲ ਹੋ ਲੈਣ ਦਾ ਹੁਕਮ ਦਿੱਤਾ (ਰਸੂਲਾਂ ਦੇ ਕੰਮ 8:29)। ਉਹਦੇ ਵੱਲ ਭੱਜਦਿਆਂ, ਉਹਨੇ ਵੇਖਿਆ ਕਿ ਖੋਜਾ ਯਸਾਯਾਹ ਦੀ ਕਿਤਾਬ ਵਿੱਚੋਂ ਪੜ੍ਹ ਰਿਹਾ ਸੀ ਪਰ ਜੋ ਉਹ ਪੜ੍ਹ ਰਿਹਾ ਸੀ ਉਹਨੂੰ ਸਮਝ ਨਹੀਂ ਰਿਹਾ ਸੀ (ਰਸੂਲਾਂ ਦੇ ਕੰਮ 8:31)। ਫ਼ਿਲਿੱਪੁਸ ਨੇ ਉੱਥੋਂ ਹੀ ਸ਼ੁਰੂ ਕਰਕੇ, ਜਿੱਥੋਂ ਉਹ ਪੜ੍ਹ ਰਿਹਾ ਸੀ, ਮਸੀਹ ਦੀ ਕਹਾਣੀ ਉਹਨੂੰ ਵਿਸਤਾਰ ਵਿਚ ਦੱਸੀ (ਰਸੂਲਾਂ ਦੇ ਕੰਮ 8:35)। ਕੋਈ ਸ਼ੱਕ ਨਹੀਂ ਕਿ ਮਸੀਹ ਦੇ ਇਸ ਸੰਸਾਰ ਵਿਚ ਆਉਣ ਅਤੇ ਸਾਡੇ ਪਾਪਾਂ ਲਈ ਮਰਨ ਬਾਰੇ ਉਹਨੇ ਉਹਨੂੰ ਸਭ ਕੁਝ ਦੱਸਿਆ।

ਰਾਹ ਵਿਚ ਜਾਂਦੇ ਜਾਂਦੇ, ਮਸੀਹ ਦੀਆਂ ਗੱਲਾਂ ਕਰਦਿਆਂ, ਉਹ ਪਾਣੀ ਵਾਲੀ ਇਕ ਥਾਂ ਪਹੁੰਚੇ। ਖੋਜੇ ਨੇ ਪੁੱਛਿਆ, ''ਕੀ ਮੈਂ ਬਪਤਿਸਮਾ ਲੈ ਸਕਦਾ ਹਾਂ?'' ਖੋਜੇ ਨੂੰ ਵਿਸ਼ਵਾਸ ਹੋ ਗਿਆ ਸੀ, ਇਸ ਲਈ ਉਹਦੇ ਲਈ ਬਪਤਿਸਮਾ ਲੈਣ ਲਈ ਪੁੱਛਣਾ ਸਹੀ ਸੀ। ਉਨ੍ਹਾਂ ਨੇ ਰੱਥ ਰੋਕਿਆ

ਅਤੇ ਉੱਤਰ ਕੇ ਪਾਣੀ ਵਿਚ ਚਲੇ ਗਏ, ਅਤੇ ਫ਼ਿਲਿੱਪੁਸ ਨੇ ਖੋਜੇ ਨੂੰ ਡੁਬਕੀ ਦਿੱਤੀ (ਰਸੂਲਾਂ ਦੇ ਕੰਮ 8:38)। ਬਪਤਿਸਮਾ ਲੈਣ ਦੇ ਬਾਅਦ ਖੋਜਾ ਆਪਣੇ ਰਾਹ ਅਨੰਦ ਕਰਦਾ ਚਲਿਆ ਗਿਆ।

ਇਕ ਵਾਰ ਫੇਰ, ਬਚਾਏ ਜਾਣ ਲਈ ਸਾਡੇ ਪ੍ਰਭੂ ਰਾਹੀਂ ਦਿੱਤੇ ਆਪਣੇ ਆਖ਼ਰੀ ਹੁਕਮ ਦੀਆਂ ਸ਼ਰਤਾਂ ਦਾ ਪਾਲਣ ਕੀਤਾ ਗਿਆ। ਫ਼ਿਲਿੱਪੁਸ ਰਾਹੀਂ ਸੁਣਾਏ ਗਏ ਵਚਨ ਨਾਲ ਮਸੀਹ ਵਿਚ ਵਿਸ਼ਵਾਸ ਇਕ ਹਕੀਕਤ ਬਣ ਗਈ (ਰਸੂਲਾਂ ਦੇ ਕੰਮ 8:35, 36)। ਕੂਸ਼ ਦੇਸ਼ ਦਾ ਉਹ ਮਨੁੱਖ ਇਕ ਧਾਰਮਿਕ ਆਦਮੀ ਸੀ ਜੋ ਸੰਜੀਦਗੀ ਨਾਲ ਪ੍ਰਮੇਸ਼ਵਰ ਦੀ ਇੱਛਾ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਇਸ ਲਈ ਮਸੀਹ ਦੇ ਸੰਦੇਸ਼ ਬਾਰੇ ਜਿਹੜਾ ਫ਼ਿਲਿੱਪੁਸ ਨੇ ਉਹਨੂੰ ਸੁਣਾਇਆ ਸੀ, ਉਹਦੀ ਮੰਨ ਲੈਣ ਤੋਂ ਤੌਬਾ ਸਾਫ਼ ਨਜ਼ਰ ਆਉਂਦੀ ਹੈ। ਇਸ ਵਿਰਤਾਂਤ ਵਿਚ ਰਸੂਲਾਂ ਦੇ ਕੰਮ ਕਿਤਾਬ ਵਿਚ ਬਪਤਿਸਮੇ ਦਾ ਵਰਣਨ ਸਭ ਤੋਂ ਵੱਧ ਵਿਸਤਾਰ ਨਾਲ ਕੀਤਾ ਗਿਆ ਹੈ। ਫ਼ਿਲਿੱਪੁਸ ਅਤੇ ਖੋਜਾ ਦੋਵੇਂ ਪਾਣੀ ਵਿਚ ਉੱਤਰੇ ਅਤੇ ਫ਼ਿਲਿੱਪੁਸ ਨੇ ਉਹਨੂੰ ਡੁਬਕੀ ਦਿੱਤੀ ਭਾਵ ਬਪਤਿਸਮਾ ਦਿੱਤਾ (ਇਸ ਪਾਠ ਦੇ ਅਖ਼ੀਰ ਵਿਚ ''ਰਸੂਲਾਂ ਦੇ ਕੰਮ ਵਿਚ ਮਨਬਦਲੀ ਦੀਆਂ ਉਦਾਹਰਣਾਂ'' ਸਿਰਲੇਖ ਵਾਲਾ ਚਾਰਟ)।

ਕਲਪਨਾ ਕਰੋ ਕਿ ਤੁਸੀਂ ਇਕ ਅਜਿਹੇ ਰਾਜ ਵਿਚ ਰਹਿੰਦੇ ਹੋ ਜਿਸ ਦੇ ਰਾਜੇ ਨੂੰ ਤੁਸੀਂ ਨਿੱਜੀ ਤੌਰ ਤੇ ਇਕ ਦੋਸਤ ਦੇ ਨਾਤੇ ਜਾਣਦੇ ਹੋ। ਇਕ ਦਿਨ, ਰਾਜੇ ਨਾਲ ਗੱਲਬਾਤ ਕਰਦਿਆਂ, ਤੁਹਾਨੂੰ ਕਿਹਾ ਜਾਂਦਾ ਹੈ ਕਿ ਜੇ ਤੁਸੀਂ ਉਸ ਨੂੰ ਬਾਅਦ ਵਿਚ ਮਿਲਣ ਆਓ, ਤਾਂ ਉਹ ਤੁਹਾਨੂੰ ਟੈਕਸ ਮਾਫ਼ ਕਰ ਦੇਵੇਗਾ। ਤੁਹਾਨੂੰ ਇਹ ਗੱਲ ਸੁਣ ਕੇ ਬੜੀ ਖੁਸ਼ੀ ਹੁੰਦੀ ਹੈ ਅਤੇ ਤੁਸੀਂ ਇਕ ਮਹੀਨੇ ਦੇ ਅੰਦਰ ਅੰਦਰ ਰਾਜੇ ਨੂੰ ਮਿਲਣ ਦੀ ਤਿਆਰੀ ਕਰਦੇ ਹੋ। ਅਖ਼ੀਰ ਇਹ ਜਾਣਦੇ ਹੋਏ ਕਿ ਤੁਹਾਡੇ ਟੈਕਸ ਮਾਫ਼ ਹੋ ਜਾਣਗੇ ਤੁਸੀਂ ਰਾਜੇ ਨੂੰ ਮਿਲਣ ਜਾਂਦੇ ਹੋ। ਮਹਿਲ ਵਿਚ ਪਹੁੰਚਦਿਆਂ ਹੀ ਤੁਹਾਨੂੰ ਦੱਸਿਆ ਜਾਂਦਾ ਹੈ ਕਿ ਰਾਜਾ ਤਾਂ ਕਿਸੇ ਹੋਰ ਦੇਸ਼ ਦੀ ਯਾਤਰਾ ਤੇ ਗਿਆ ਹੋਇਆ ਹੈ। ਤੁਸੀਂ ਮਹਿਲ ਦੇ ਦਰਬਾਨ ਨੂੰ ਦੱਸਦੇ ਹੋ ਕਿ ਰਾਜੇ ਨੇ ਤੁਹਾਨੂੰ ਕਿਹਾ ਸੀ ਕਿ ਜੇ ਤੁਸੀਂ ਉਹਨੂੰ ਦੁਬਾਰਾ ਆ ਕੇ ਮਿਲਦੇ ਹੋ ਤਾਂ ਉਹ ਤੁਹਾਡੇ ਸਾਰੇ ਟੈਕਸ ਮਾਫ਼ ਕਰ ਦੇਵੇਗਾ। ਦਰਬਾਨ ਕਹਿੰਦਾ ਹੈ, ''ਰਾਜੇ ਨੇ ਤੁਹਾਡੇ ਲਈ ਇਹ ਵਿਸ਼ੇਸ਼ ਪ੍ਰਬੰਧ ਕੀਤਾ ਹੈ।'' ਉਹ ਤੁਹਾਨੂੰ ਇਕ ਕਮਰੇ ਵਿਚ ਲੈ ਜਾਂਦਾ ਹੈ ਜੋ ਬਾਰਾਂ ਮੰਤਰੀਆਂ ਨਾਲ ਭਰਿਆ ਹੋਇਆ ਹੈ। ਤੁਸੀਂ ਉਨ੍ਹਾਂ ਨੂੰ ਆਪਣੀ ਕਹਾਣੀ ਦੱਸਦੇ ਹੋ। ਜਵਾਬ ਵਿਚ ਉਹ ਕਹਿੰਦੇ ਹਨ, ''ਜਦ ਰਾਜਾ ਖ਼ੁਦ ਇੱਥੇ ਸੀ, ਤਾਂ ਉਹਦੇ ਹੁਕਮ ਨਾਲ ਹੀ ਤੁਹਾਡੇ ਟੈਕਸ ਮਾਫ਼ ਹੋ ਸਕਦੇ ਸਨ, ਪਰ ਹੁਣ ਤਾਂ ਰਾਜਾ ਇੱਥੇ ਨਹੀਂ ਹੈ। ਉਹਨੇ ਕੁਝ ਖ਼ਾਸ ਸ਼ਰਤਾਂ ਦਿੱਤੀਆਂ ਹਨ, ਜਿਸ ਨਾਲ ਤੁਹਾਡੇ ਟੈਕਸ ਮਾਫ਼ ਕੀਤੇ ਜਾ ਸਕਦੇ ਹਨ। ਪਹਿਲੀ ਇਹ ਕਿ ਤੁਸੀਂ ਘਰ ਜਾਓ; ਦੂਜੀ, ਤੁਸੀਂ ਆਪਣੀ ਕਹਾਣੀ ਇਕ ਕਾਗਜ਼ ਤੇ ਲਿਖ ਕੇ ਦਿਓ; ਤੀਜੀ, ਉਸਉੱਤੇ ਆਪਣੇ ਪਰਿਵਾਰ ਦੇ ਸਾਰੇ ਜੀਆਂ ਦੇ ਨਾਂਅ ਲਿਖੋ; ਅਤੇ ਚੌਥੀ, ਤਿੰਨ ਗਵਾਹਾਂ ਦੇ ਸਾਹਮਣੇ ਉਸ ਚਿੱਠੀਉੱਤੇ ਦਸਤਖ਼ਤ ਕਰੋ। ਇਹ ਸ਼ਰਤਾਂ ਪੂਰੀਆਂ ਹੋਣ ਤੇ ਤੁਹਾਡੇ ਟੈਕਸ ਮਾਫ਼ ਹੋ ਜਾਣਗੇ।''

ਸੱਚਮੁੱਚ ਜੋ ਮਸੀਹ ਨੇ ਕੀਤਾ ਹੈ ਉਹਦੇ ਨਾਲ ਇਸ ਕਹਾਣੀ ਦੀ ਤੁਲਨਾ ਕਰੋ। ਜਦ ਰਾਜਾ ਇੱਥੇ ਸੀ, ਤਾਂ ਉਹ ਸਿਰਫ਼ ਇਕ ਬੋਲ ਨਾਲ ਹੀ ਪਾਪ ਮਾਫ਼ ਕਰ ਦਿੰਦਾ ਸੀ। ਉਦਾਹਰਣ ਲਈ, ਉਹਨੇ ਸਲੀਬ ਤੇ ਡਾਕੂ ਨੂੰ ਮਾਫ਼ ਕਰ ਦਿੱਤਾ (ਲੂਕਾ 23:43)। ਇਸ ਧਰਤੀ ਨੂੰ ਛੱਡਣ ਅਤੇ ਸਵਰਗ ਵਿਚ ਜਾਣ ਦੀ ਤਿਆਰੀ ਕਰਦਿਆਂ ਮਸੀਹ ਨੇ ਕੁਝ ਸ਼ਰਤਾਂ ਦਿੱਤੀਆਂ, ਜਿਨ੍ਹਾਂ ਦੇ ਅਧਾਰ ਤੇ ਮਸੀਹੀ ਯੁੱਗ ਵਿਚ ਲੋਕਾਂ ਨੇ ਬਚਾਏ ਜਾਣਾ ਸੀ। ਨਾਲ ਹੀ ਉਹਨੇ ਸੰਕੇਤ ਵੀ ਦਿੱਤਾ ਕਿ ਉਹਦਾ ਇਹ ਹੁਕਮ ਦੁਨੀਆਂ ਦੇ ਅਖ਼ੀਰ ਤਕ ਲਾਗੂ ਰਹੇਗਾ (ਮੱਤੀ 28:20)। ਹੁਣ ਜਦ ਕਿ ਰਾਜਾ ਗਿਆ ਹੋਇਆ ਹੈ, ਮਾਫ਼ੀ ਲਈ ਉਹਦੀਆਂ ਸ਼ਰਤਾਂ ਹੀ ਪ੍ਰਭਾਵੀ ਹਨ।

## ਜਵਾਬ ਲਾਗੂ ਹੋਣਾ

ਕਲੀਸੀਆ ਵਿਚ ਦਾਖ਼ਲੇ ਦੀਆਂ ਇਹ ਸ਼ਰਤਾਂ ਸਾਡੇ ਸਾਰਿਆਂ ਤੇ ਲਾਗੂ ਹੁੰਦੀਆਂ ਹਨ। ਮਸੀਹ ਦਾ ਆਖ਼ਰੀ ਹੁਕਮ ਬਦਲਿਆ ਨਹੀਂ ਹੈ, ਇਹ ਅੱਜ ਵੀ ਉਵੇਂ ਹੀ ਹੈ ਜਿਵੇਂ ਦਿੱਤੇ ਜਾਣ ਸਮੇਂ ਸੀ। ਬਚਾਏ ਜਾਣ ਦੀਆਂ ਸ਼ਰਤਾਂ ਸਾਡੇ ਲਈ ਵੀ ਉਹੀ ਹਨ ਜੋ ਉਨ੍ਹਾਂ ਲਈ ਸਨ, ਜਿਨ੍ਹਾਂ ਨੇ ਪਹਿਲੀ ਵਾਰ ਪਤਰਸ ਦੇ ਮੁੱਖੋਂ ਵਚਨ ਸੁਣਿਆ ਸੀ। ਮਸੀਹ ਕਲੀਸੀਆ ਵਿਚ ਦਾਖ਼ਲੇ ਦੀਆਂ ਸ਼ਰਤਾਂ ਤੈਅ ਕਰਦਾ ਹੈ ਅਤੇ ਇਨ੍ਹਾਂ ਰਾਹੀਂ ਲੋਕਾਂ ਨੂੰ ਇਸ ਵਿਚ ਮਿਲਾਉਂਦਾ ਹੈ। ਮਨੁੱਖਾਂ ਦੀਆਂ ਦਲੀਲਾਂ ਅਤੇ ਹਦਾਇਤਾਂ ਨਾਲ ਉਸ ਦੀ ਆਖ਼ਰੀ ਵਸੀਅਤ ਅਤੇ ਨੇਮ ਬਦਲਦੇ ਨਹੀਂ ਹਨ। ਰਾਜਾ ਗਿਆ ਹੋਇਆ ਹੈ, ਅਤੇ ਜਿਹੜੀਆਂ ਸ਼ਰਤਾਂ ਉਹਨੇ ਮਸੀਹੀ ਯੁੱਗ ਲਈ ਠਹਿਰਾਈਆਂ ਹਨ, ਉਨ੍ਹਾਂ ਦਾ ਪਾਲਣ ਕੀਤਾ ਜਾਣਾ ਜ਼ਰੂਰੀ ਹੈ।

ਕਲੀਸੀਆ ਵਿਚ ਦਾਖਲੇ ਲਈ ਉਹਦੀਆਂ ਸ਼ਰਤਾਂ ਬਾਰੇ ਤੁਹਾਡਾ ਕੀ ਵਿਚਾਰ ਹੈ? ਕੀ ਤੁਸੀਂ ਵਿਸ਼ਵਾਸ ਕਰਦੇ ਹੋ? ਵਿਸ਼ਵਾਸ ਪ੍ਰਮੇਸ਼ਵਰ ਦੇ ਵਚਨ ਤੇ ਕਰਨਾ ਹੈ (ਰੋਮੀਆਂ 10:17)। ਮਨੁੱਖ ਦੀ ਬੁੱਧ, ਸਿੱਖਿਆ ਜਾਂ ਪ੍ਰਾਪਤੀਆਂ ਨਾਲ ਵਿਸ਼ਵਾਸ ਨਹੀਂ ਆ ਸਕਦਾ; ਕੀ ਤੁਸੀਂ ਪ੍ਰਮੇਸ਼ਵਰ ਵਿਚ ਵਿਸ਼ਵਾਸ ਰੱਖਦੇ ਹੋ? ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਮਸੀਹ ਉਹਦਾ ਪੁੱਤਰ ਹੈ ਅਤੇ ਮਨੁੱਖ ਜਾਤੀ ਦਾ ਮੁਕਤੀਦਾਤਾ ਹੈ? ਕੀ ਤੁਸੀਂ ਆਪਣੇ ਪਾਪਾਂ ਤੋਂ ਤੌਬਾ ਕੀਤੀ ਹੈ (ਰਸੂਲਾਂ ਦੇ ਕੰਮ 17:30, 31)?

ਕੀ ਤੁਸੀਂ ਪਾਪ ਦੀ ਵੱਲੋਂ ਜੀਉਂਦੇ ਪ੍ਰਮੇਸ਼ਵਰ ਵੱਲ ਮੁੜ ਆਏ ਹੋ? ਇਸ ਗੱਲ ਦੀ ਪਰਵਾਹ ਕੀਤੇ ਬਿਨਾਂ ਕਿ ਇਹ ਕਿੱਧਰ ਲੈ ਜਾਂਦਾ ਹੈ, ਕੀ ਤੁਸੀਂ ਪ੍ਰਮੇਸ਼ਵਰ ਦੀ ਇੱਛਾ ਦੇ ਪ੍ਰਤੀ ਆਪਣਾ ਦਿਲ ਝੁਕਾ ਦਿੱਤਾ ਹੈ?

ਕੀ ਤੁਸੀਂ ਸ਼ਰੇਆਮ ਲੋਕਾਂ ਵਿਚ ਮੰਨਿਆ ਹੈ ਕਿ ਤੁਸੀਂ ਯਿਸੂ ਨੂੰ ਪ੍ਰਮੇਸ਼ਵਰ ਦਾ ਪੁੱਤਰ ਅਤੇ ਉਸ ਨੂੰ ਆਪਣਾ ਪ੍ਰਭੂ ਮੰਨਦੇ ਹੋ (ਰੋਮੀਆਂ 10:10)? ਕੀ ਤੁਸੀਂ ਆਪਣੇ ਮੂੰਹ ਨਾਲ ਇਕਰਾਰ ਕੀਤਾ ਹੈ ਕਿ ਯਿਸੂ ਮੁਕਤੀਦਾਤਾ ਅਤੇ ਪ੍ਰਭੂ ਹੈ?

ਕੀ ਤੁਸੀਂ ਬਪਤਿਸਮਾ ਲੈ ਲਿਆ ਹੈ? ਪ੍ਰਭੂ ਦੇ ਗ੍ਰੇਟ ਕਮਿਸ਼ਨ ਦਾ ਬਪਤਿਸਮਾ ਡੁਬਕੀ ਨਾਲ (ਰੋਮੀਆਂ 6:4), ਮਸੀਹ ਵਿਚ (ਰੋਮੀਆਂ 6:3; ਗਲਾਤੀਆਂ 3:27) ਅਤੇ ਪਾਪਾਂ ਦੀ ਮਾਫ਼ੀ ਲਈ (ਰਸੂਲਾਂ ਦੇ ਕੰਮ 2:38; 22:16) ਅਤੇ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿਚ ਹੁੰਦਾ ਹੈ (ਮੱਤੀ 28:19, 20)। ਕੀ ਤੁਸੀਂ ਨਵੇਂ ਨੇਮ ਵਿਚ ਦੱਸੇ ਨਮੂਨੇ ਅਨੁਸਾਰ ਬਪਤਿਸਮਾ ਲੈ ਲਿਆ ਹੈ?

ਅੱਜ ਜਦ ਕੋਈ ਮਸੀਹ ਵੱਲੋਂ ਤੈਅ ਕੀਤੀਆਂ ਆਪਣੇ ਆਖ਼ਰੀ ਹੁਕਮ ਦੀਆਂ ਸ਼ਰਤਾਂ ਨਾਲ ਜੁੜਦਾ ਹੈ ਤਾਂ ਕੀ ਇਹ ਵਿਸ਼ਵਾਸ ਕਰਨਾ ਸਹੀ ਹੈ ਕਿ ਸਾਡਾ ਸੱਚਾ ਪ੍ਰਭੂ ਅਤੇ ਮੁਕਤੀ ਦਾਤਾ ਉਸ ਨੂੰ ਆਪਣੀ ਕਲੀਸੀਆ ਅਰਥਾਤ ਰਾਜ ਵਿਚ ਮਿਲਾ ਲੈਂਦਾ ਹੈ? ਪ੍ਰਭੂ ਦੀਆਂ ਸ਼ਰਤਾਂ ਨੂੰ ਨਕਾਰ ਕੇ ਕੋਈ ਵੀ ਆਪਣੀ ਸਜ਼ਾ ਤੋਂ ਭੱਜ ਨਹੀਂ ਸਕਦਾ। ਸਾਨੂੰ ਇਨ੍ਹਾਂ ਦੇ ਕਿਸੇ ਬਦਲ ਜਾਂ ਕਿਸੇ ਵਿਗਾੜ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ। ਮਸੀਹ ਦੇ ਪ੍ਰਤੀ ਸੱਚਾ ਸਮਰਪਣ ਉਹਦੇ ਹੁਕਮ ਦਾ ਪਾਲਣ ਕਰਨਾ ਹੀ ਹੋਵੇਗਾ।

## ਸਾਰ

ਕੀ ਤੁਸੀਂ ਨਵੇਂ ਨੇਮ ਦੀ ਕਲੀਸੀਆ ਵਿਚ ਪ੍ਰਵੇਸ਼ ਲੈ ਲਿਆ ਹੈ? ਕੀ ਅੱਜ ਤੁਸੀਂ ਇਸ ਵਿਚ ਪ੍ਰਵੇਸ਼ ਹੋਣਾ ਚਾਹੋਗੇ?

ਯਕੀਨਨ ਹੀ ਸਾਡੇ ਲਈ ਸਭ ਤੋਂ ਮਹਾਨ ਅਤੇ ਸਭ ਤੋਂ ਵੱਡੀ ਖ਼ਬਰ ਇਹੀ ਹੈ ਕਿ ਨਵੇਂ ਨੇਮ ਦੀ ਕਲੀਸੀਆ ਵਿਚ ਦਾਖਲੇ ਲਈ ਦਿੱਤੀਆਂ ਗਈਆਂ ਪ੍ਰਭੂ ਦੀਆਂ ਸ਼ਰਤਾਂ ਨੂੰ ਮੰਨ ਕੇ ਕੋਈ ਵੀ ਉਸ ਵਿਚ ਪ੍ਰਵੇਸ਼ ਹੋ ਸਕਦਾ ਹੈ। ਸਭ ਦੇਸ਼, ਸਭ ਕੌਮਾਂ ਅਤੇ ਸਭ ਲੋਕ ਉਸ ਦੇ ਰਾਜ ਵਿਚ ਪ੍ਰਵੇਸ਼ ਹੋ ਕੇ ਮਸੀਹ ਵਿਚ ਇਕ ਹੋ ਸਕਦੇ ਹਨ (ਅਫ਼ਸੀਆਂ 2:14)।

ਬੁੱਧ ਇਹ ਮੰਗ ਕਰਦੀ ਹੈ ਕਿ ਇਹ ਪੱਕਾ ਕਰਨ ਲਈ ਸਾਨੂੰ ਮੁੱਢ ਤੋਂ ਹੀ ਸ਼ੁਰੂ ਕਰਨਾ ਚਾਹੀਦਾ ਹੈ। ਜੇ ਤੁਸੀਂ ਬਚਾਏ ਜਾਣ ਲਈ ਪ੍ਰਭੂ ਦੀਆਂ ਸ਼ਰਤਾਂ ਅਨੁਸਾਰ ਪ੍ਰਭੂ ਦੇ ਹੁਕਮਾਂ ਨੂੰ ਨਹੀਂ ਮੰਨਿਆ ਤਾਂ ਛੇਤੀ ਹੀ ਉਨ੍ਹਾਂ ਸ਼ਰਤਾਂ ਨੂੰ ਪੂਰਾ ਕਰੋ। ਉਹਦੇ ਰਾਜ ਵਿਚ ਪ੍ਰਵੇਸ਼ ਹੋ ਕੇ ਸਿਰਫ਼ ਉਹਦੇ ਰਾਜ ਦੇ ਲੋਕ ਬਣ ਕੇ ਜ਼ਿੰਦਗੀ ਬਿਤਾਓ।

ਮਸੀਹ ਦੀ ਕਲੀਸੀਆ ਤਦ ਤਕ ਤੁਹਾਡੇ ਲਈ ਸੱਚਮੁੱਚ ਕੋਈ ਮਹੱਤਵ ਨਹੀਂ ਰੱਖਦੀ ਜਦ ਤਕ ਤੁਸੀਂ ਇਸ ਵਿਚ ਪ੍ਰਵੇਸ਼ ਨਹੀਂ ਲੈਂਦੇ।

## ਅਧਿਐਨ ਲਈ ਪ੍ਰਸ਼ਨ

*(ਇਸ ਦੇ ਉੱਤਰ ਅੰਤਿਕਾ 1 ਵਿਚ ਦਿੱਤੇ ਗਏ ਹਨ)*

1. ਪ੍ਰਭੂ ਦੀ ਕਲੀਸੀਆ ਦੇ ਅਦੁੱਤੀ ਮੁੱਲ ਦਾ ਵਰਣਨ ਕਰੋ।
2. ਕੀ ਅੱਜ ਮਸੀਹੀ ਲੋਕਾਂ ਤੇ ਪ੍ਰਭੂ ਦੇ ਗ੍ਰੇਟ ਕਮਿਸ਼ਨ ਦੀਆਂ ਸ਼ਰਤਾਂ ਲਾਗੂ ਹੁੰਦੀਆਂ ਹਨ?
3. ਅੱਜ ਅਸੀਂ ਸਲੀਬ ਤੇ ਬਚਾਏ ਜਾਣ ਵਾਲੇ ਉਸ ਡਾਕੂ ਵਾਂਗ ਕਿਉਂ ਨਹੀਂ ਬਚਾਏ ਜਾ ਸਕਦੇ?
4. ਅੱਜ ਕੋਈ ਕਲੀਸੀਆ ਦਾ ਮੈਂਬਰ ਕਿਵੇਂ ਬਣਦਾ ਹੈ?
5. ਭਲਾ ਬਚਾਏ ਹੋਇਆਂ ਨੂੰ ਕਲੀਸੀਆ ਵਿਚ ਮਨੁੱਖ ਰਲਾਉਂਦਾ ਹੈ?
6. ਭਲਾ ਇਹ ਵਿਸ਼ਵਾਸ ਕਰਨ ਦਾ ਕੋਈ ਕਾਰਣ ਹੈ ਕਿ ਜੇ ਕੋਈ ਮਸੀਹੀ ਬਣਨ ਲਈ ਉਹੀ ਕਰਦਾ ਹੈ ਜੋ ਰਸੂਲਾਂ ਦੇ ਕੰਮ ਦੀ ਕਿਤਾਬ ਵਿਚ ਲੋਕਾਂ ਨੇ ਕੀਤਾ ਤਾਂ ਪ੍ਰਮੇਸ਼ਵਰ ਉਹਦੇ ਲਈ ਉਹ ਨਹੀਂ ਕਰੇਗਾ ਜੋ ਉਹਨੇ ਉਨ੍ਹਾਂ ਲਈ ਕੀਤਾ ਜਿਨ੍ਹਾਂ ਨੇ ਰਸੂਲਾਂ ਦੇ ਕੰਮ ਦੀ ਕਿਤਾਬ ਵਿਚ ਉਹਦੀ ਇੱਛਾ ਨੂੰ ਪੂਰਿਆਂ ਕੀਤਾ?
7. ਇਹ ਕਿਵੇਂ ਕਿਹਾ ਜਾ ਸਕਦਾ ਹੈ ਕਿ ਕੋਈ ਮਸੀਹ ਦੀ ਕਲੀਸੀਆ ਵਿਚ ਹੀ ਹੈ?
8. ਜਦ ਬਚਾਏ ਜਾਣ ਵਾਸਤੇ ਦਿੱਤੀਆਂ ਪ੍ਰਭੂ ਦੀਆਂ ਸ਼ਰਤਾਂ ਨੂੰ ਵਿਗਾੜਿਆ ਜਾਂਦਾ ਹੈ, ਤਾਂ ਕੀ ਉਹਦੇ ਨਾਲ ਬਹੁਤ ਨੁਕਸਾਨ ਹੁੰਦਾ ਹੈ?

## ਸ਼ਬਦ ਸਹਾਇਤਾ

**ਯਿਸੂ ਦੀ ਆਖ਼ਰੀ ਵਸੀਅਤ ਅਤੇ ਨੇਮ**-ਨਵਾਂ ਨੇਮ (ਇਬਰਾਨੀਆਂ 9:15-17)।

**ਨਿੱਜੀ**-ਵੱਖ ਕੀਤਾ ਹੋਇਆ। 1 ਪਤਰਸ 2:9 ਮਸੀਹੀ ਲੋਕਾਂ ਲਈ ਕਹਿੰਦਾ ਹੈ, ''ਪਰ ਤੁਸੀਂ ਚੁਣਿਆ ਹੋਇਆ ਵੰਸ਼, ਜਾਜਕਾਂ ਦੀ ਸ਼ਾਹੀ ਮੰਡਲੀ, ਪਵਿੱਤਰ ਕੌਮ, ਪ੍ਰਮੇਸ਼ਵਰ ਦੀ ਖਾਸ ਪਰਜਾ ਹੋ ਭਈ ਤੁਸੀਂ ਉਹਦੇ ਗੁਣਾਂ ਦਾ ਪ੍ਰਚਾਰ ਕਰੋ ਜਿਹ ਨੇ ਤੁਹਾਨੂੰ ਅਨ੍ਹੇਰੇ ਤੋਂ ਆਪਣੇ ਅਚਰਜ ਚਾਨਣ ਵਿਚ ਸੱਦ ਲਿਆ।''

---

ਟਿੱਪਣੀਆਂ

[1]ਕੁਝ ਪੁਰਾਤਨ ਹੱਥਲਿਖਤਾਂ ਵਿਚ ਇੱਥੇ ''ਅਤੇ'' ਦੀ ਥਾਂ ''ਲਈ'' ਮਿਲਦਾ ਹੈ। [2]ਰਸੂਲਾਂ ਦੇ ਕੰਮ 8 ਦੀ 37

ਆਇਤ ਰਸੂਲਾਂ ਦੇ ਕੰਮ ਕਿਤਾਬ ਦੀਆਂ ਕਈ ਭਰੋਸੇਯੋਗ ਲਿਖਤਾਂ ਵਿਚ ਨਹੀਂ ਮਿਲਦੀ। ਇਸ ਤੋਂ ਇਹ ਨਿਚੋੜ ਕੱਢਿਆ ਜਾਂਦਾ ਹੈ ਕਿ ਹੋ ਸਕਦਾ ਹੈ ਕਿ ਇਹ ਆਇਤ ਨਵੇਂ ਨੇਮ ਦੀ ਮੂਲ ਲਿਖਤ ਦਾ ਭਾਗ ਨਾ ਹੋਵੇ। ਪਰ ਇਹ ਮੰਨਿਆ ਜਾਣਾ ਚਾਹੀਦਾ ਹੈ ਕਿ ਇਸ ਆਇਤ ਵਿਚ ਅਜਿਹੇ ਹਲਾਤ ਵਿਚ ਫ਼ਿਲਿੱਪੁਸ ਦਾ ਬੇਹੱਦ ਸੁਭਾਵਕ ਵਾਕ ਵਿਚਾਰ ਹੈ। ਹਬਸ਼ (ਕੂਸ਼) ਦੇਸ਼ ਦਾ ਖੋਜਾ ਮਸੀਹ ਬਾਰੇ ਨਹੀਂ ਜਾਣਦਾ ਸੀ, ਉਹ ਇਹ ਵੀ ਨਹੀਂ ਜਾਣਦਾ ਸੀ ਕਿ ਨਬੀ ਕਿਹਦੇ ਬਾਰੇ ਗੱਲ ਕਰ ਰਿਹਾ ਸੀ। ਫਿਰ ਮਸੀਹ ਬਾਰੇ ਇੱਕੋ ਵਾਰੀ ਸੁਣਨ ਨਾਲ, ਖੋਜੇ ਨੇ ਬਪਤਿਸਮਾ ਲੈਣ ਦੀ ਇੱਛਾ ਕੀਤੀ। ਇਸ ਕਰਕੇ ਇਹ ਵਾਕ ਕਿ ''ਜੇ ਤੂੰ ਸਾਰੇ ਮਨ ਨਾਲ ਵਿਸ਼ਵਾਸ ਕਰਦਾ ਹੈਂ ਤਾਂ ਹੋ ਸਕਦਾ ਹੈ'' ਬਹੁਤ ਹੀ ਢੁੱਕਵਾਂ ਹੈ ਅਤੇ ਬਪਤਿਸਮੇ ਦੀ ਤਿਆਰੀ ਕਰਦੇ ਸਮੇਂ ਇਸ ਨੂੰ ਬਾਹਰ ਨਹੀਂ ਰੱਖਿਆ ਜਾ ਸਕਦਾ। ਪ੍ਰਮੇਸ਼ਵਰ ਦੇ ਪੁੱਤਰ ਦੇ ਰੂਪ ਵਿਚ ਮਸੀਹ ਦਾ ਇਕਰਾਰ ਵਿਸ਼ਵਾਸ ਦੀ ਤਸਦੀਕ ਹੈ ਅਤੇ ਪ੍ਰਭੂ ਯਿਸੂ ਦੀ ਮਹਾਨ ਆਗਿਆ ਜਾਂ ਗ੍ਰੇਟ ਕਮਿਸ਼ਨ ਵਿਚ ਦਿੱਤੇ ਵਿਸ਼ਵਾਸ ਕਰਨ ਦੀ ਸ਼ਰਤ ਨਾਲ ਹੀ ਹੁੰਦੀ ਹੈ।

## ਰਸੂਲਾਂ ਦੇ ਕੰਮ ਵਿਚ ਮਨਬਦਲੀ ਦੀਆਂ ਉਦਾਹਰਣਾਂ

| ਸੁਣਿਆ | ਵਿਸ਼ਵਾਸ ਕੀਤਾ | ਤੌਬਾ ਕੀਤੀ | ਇਕਰਾਰ ਕੀਤਾ | ਬਪਤਿਸਮਾ ਲਿਆ | ਬਚਾਏ ਗਏ |
|---|---|---|---|---|---|
| ਯਹੂਦੀਆਂ ਨੇ<br>ਰਸੂਲਾਂ ਦੇ ਕੰਮ 2 | ''ਉਨ੍ਹਾਂ ਦੇ ਦਿਲ ਛਿਦ ਗਏ'' (ਆਇਤ 37) | ''ਤੌਬਾ ਕਰੋ'' (ਆਇਤ 38) | | ''ਬਪਤਿਸਮਾ ਲਵੇ'' (ਆਇਤ 38); ''ਬਪਤਿਸਮਾ ਲਿਆ'' (ਆਇਤ 41) | ''ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ'' (ਆਇਤ 38) |
| ਸਾਮਰੀਆਂ ਨੇ<br>ਰਸੂਲਾਂ ਦੇ ਕੰਮ 8 | ''ਪ੍ਰਤੀਤ ਕੀਤੀ'' (ਆਇਤ 12) | | | ''ਬਪਤਿਸਮਾ ਲੈਣ ਲੱਗੇ'' (ਆਇਤ 12) | |
| ਖੋਜੇ ਨੇ<br>ਰਸੂਲਾਂ ਦੇ ਕੰਮ 8 | [''ਜੇ ਤੂੰ ਵਿਸ਼ਵਾਸ ਕਰਦਾ ਹੈਂ''] (ਆਇਤ 37) | | ''[ਮੈਂ ਵਿਸ਼ਵਾਸ ਕਰਦਾ ਹਾਂ ਕਿ ਯਿਸੂ ਮਸੀਹ ਪ੍ਰਮੇਸ਼ਵਰ ਦਾ ਪੁੱਤਰ ਹੈ''] (ਆਇਤ 37) | ''ਬਪਤਿਸਮਾ ਲੈਣ ਤੋਂ'' (ਆਇਤ 36); ''ਬਪਤਿਸਮਾ ਦਿੱਤਾ'' (ਆਇਤ 38) | ''ਅਨੰਦ ਨਾਲ ਆਪਣੇ ਰਾਹ ਚਲਿਆ ਗਿਆ'' (ਆਇਤ 39) |
| ਸੌਲੁਸ ਨੇ<br>ਰਸੂਲਾਂ ਦੇ ਕੰਮ 9; 22; 26 | | ਰੋਜ਼ਾ ਅਤੇ ਪ੍ਰਾਰਥਨਾ (9:9, 11) | ''ਪ੍ਰਭੂ ਜੀ'' (9:5) | ''ਬਪਤਿਸਮਾ ਲਿਆ'' (9:18); ''ਬਪਤਿਸਮਾ ਲੈ'' (22:16) | ''ਆਪਣੇ ਪਾਪ ਧੋ ਸੁੱਟ'' (22:16) |
| ਕੁਰਨੇਲਿਉਸ ਨੇ<br>ਰਸੂਲਾਂ ਦੇ ਕੰਮ 10; 11 | ''ਉਹਦੇ ਉੱਤੇ ਨਿਹਚਾ ਕਰੇ'' (10:43) | ''ਜੀਉਣ ਲਈ ਤੌਬਾ'' (11:18) | | ''ਬਪਤਿਸਮਾ'' (10:47); ''ਹੁਕਮ ਕੀਤਾ ਕਿ ... ਬਪਤਿਸਮਾ ਦਿੱਤਾ ਜਾਵੇ'' (10:48) | ''ਪਾਪਾਂ ਦੀ ਮਾਫ਼ੀ'' (10:43) |
| ਲੁਦੀਆ ਨੇ<br>ਰਸੂਲਾਂ ਦੇ ਕੰਮ 16 | | | | ''ਬਪਤਿਸਮਾ ਲਿਆ'' (ਆਇਤ 15) | |
| ਦਰੋਗੇ ਨੇ<br>ਰਸੂਲਾਂ ਦੇ ਕੰਮ 16 | ''ਪ੍ਰਭੂ ਯਿਸੂ ਉੱਤੇ ਨਿਹਚਾ ਕਰ'' (ਆਇਤ 31); ''ਪ੍ਰਤੀਤ ਕਰਕੇ'' (ਆਇਤ 34) | ''ਉਨ੍ਹਾਂ ਦੇ ਜ਼ਖ਼ਮ ਧੋਤੇ'' (ਆਇਤ 33) | | ''ਬਪਤਿਸਮਾ ਲਿਆ'' (ਆਇਤ 33) | ''ਬਚਾਏ ਜਾਓਗੇ'' (ਆਇਤ 31); ''ਵੱਡੀ ਖੁਸ਼ੀ ਮਨਾਈ'' (ਆਇਤ 34) |
| ਕੁਰਿੰਥੀਆਂ ਨੇ<br>ਰਸੂਲਾਂ ਦੇ ਕੰਮ 18 | ''ਪ੍ਰਤੀਤ ਕੀਤੀ'' (ਆਇਤ 8) | | | '' ਬਪਤਿਸਮਾ ਲਿਆ'' (ਆਇਤ 8) | |